ਬੱਚਿਆਂ ਲਈ ਬਾਈਬਲ

ਉੱਪਸਥਿਤ



# ਰੂਥ: ਇੱਕ ਪ੍ਰੇਮ ਕਹਾਣੀ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Lyn Doerksen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਜੇਕਰ ਤੁਸੀ ਆਪਣੇ ਪੜਦਾਦਾ ਦੇ ਮਾਤਾ ਪਿਤਾ ਨਾਲ ਮਿਲਦੇ, ਉਹਨਾਂ ਦੇ ਮਾਤਾ ਪਿਤਾ, ਅਤੇ ਉਹ ਲੋਕ ਜਿਹੜੇ ਤੁਹਾਡੇ ਤੋਂ ਪਹਿਲੇ ਤੁਹਾਡੇ ਪਰਿਵਾਰ ਵਿੱਚ ਆਏ ਸੀ, ਤੁਸੀ ਹੈਰਾਨ ਹੋਵੋਂਗੇ ਕੀ ਉਹ ਕਿਸ ਤ੍ਰਾਂ ਦੇ ਲੋਕ ਸਨ। ਬਾਈਬਲ ਦੇ ਵਿੱਚ, ਯਿਸੂ ਦੀ ਇੱਕ ਪੂਰਵਜ ਰੂਥ - ਇੱਕ ਮੋਆਬਿਨ ਔਰਤ ਜਿਹੜੀ ਬੁੱਤਾਂ ਦੀ ਪੂਜਾ ਕਰਦੀ ਸੀ।



ਰੂਥ ਦੀ ਕਹਾਣੀ ਸਮਸੂਨ ਦੇ ਬਾਅਦ ਇਸਰਾਏਲ ਵਿੱਚ ਸ਼ੁਰੂ ਹੋਈ ਸੀ, ਜਦ ਪਰਮੇਸ਼ਵਰ ਦੇ ਲੋਕਾਂ ਨੇ ਪਰਮੇਸ਼ਵਰ ਉੱਤੇ ਵਿਸ਼ਵਾਸ਼ ਕਰਨਾ ਅਤੇ ਉਸਦੀ ਆਗਿਆ ਦੀ ਪਾਲਣਾ ਕਰਨਾ ਛੱਡ ਦਿੱਤਾ ਸੀ। ਇੱਕ ਭਿਆਨਕ ਅਕਾਲ ਧਰਤੀ ਉੱਤੇ ਪਿਆ। ਕੀ ਤੁਸੀ ਜਾਣਦੇ ਹੋ ਕੇ ਅਕਾਲ ਕੀ ਹੈ? ਇਹ ਸਹੀ ਹੈ! ਅਕਾਲ ਉਹ ਹੈ ਜਿਸ ਵਿੱਚ ਨਾ ਫਲ ਅਤੇ ਨਾ ਅਨਾਜ, ਅਤੇ ਜਾਨਵਰ ਅਤੇ ਕਦੀ ਮਨੁੱਖ ਵੀ ਭੁੱਖ ਨਾਲ ਮਰ ਜਾਦੇ ਹਨ।



ਇੱਕ ਮਨੁੱਖ ਏਲੀਮੇਲੇਕ, ਬੈਤਲਹਮ ਨੂੰ ਛੱਡ ਕੇ ਆਪਣੀ ਪਤਨੀ ਅਤੇ ਦੋ ਪੁੱਤਰਾਂ ਨੂੰ ਲੈਕੇ ਭੋਜਨ ਦੀ ਤਲਾਸ਼ ਵਿੱਚ ਲੱਗ ਗਏ। ਉਹ ਮੋਆਬ ਵਿੱਚ ਗਿਆ, ਇੱਕ ਦੇਸ਼ ਜਿੱਥੇ ਲੋਕ ਬੁੱਤਾਂ ਦੀ ਪੂਜਾ ਕਰਦੇ ਸੀ।



ਏਲੀਮੇਲੇਕ ਅਤੇ
ਉਸਦੇ ਪਰਿਵਾਰ ਦੇ
ਹਾਲਾਤ ਮੋਆਬ ਵਿੱਚ ਵਧੀਆ ਨਹੀ ਸਨ। ਉਹ
ਮਰ ਗਿਆ, ਅਤੇ ਉਹਦੇ ਦੋਨੋ ਪੁੱਤਰ ਵੀ ਮਰ ਗਏ।




ਉਸਦੀ ਪਤਨੀ ਨਾਓਮੀ ਆਪਣੇ ਪੁੱਤਰਾਂ ਦੀਆਂ ਦੋਨੋ ਪਤਨੀਆਂ ਨਾਲ
ਰਹਿ ਗਈ, ਰੂਥ ਅਤੇ ਆਰਪਾਹ। ਦੋਨੋ ਲੜਕੀਆਂ ਮੋਆਬ ਤੋਂ ਸਨ।

ਹੁਣ ਇੱਕ ਵਿਧਵਾ ਨਾਓਮੀ ਨੇ ਸੁਣਿਆ ਕੀ ਪਰਮੇਸ਼ਵਰ ਨੇ ਆਪਣੇ ਲੋਕਾਂ ਨੂੰ ਭੋਜਨ ਦੇ ਕੇ ਉਹਨਾਂ ਦੀ ਸੁੱਧੀ ਲਈ ਹੈ। ਉਸ ਨੇ ਫ਼ੈਸਲਾ ਕੀਤਾ ਕੀ ਉਹ ਆਪਣੇ ਦੇਸ਼ ਵਿੱਚ ਵਾਪਸ ਚਲੀ ਜਾਵੇਗੀ। ਪਰ ਇਹ ਦੋ ਲੜਕੀਆਂ ਕੀ ਕਰਨਗੀਆਂ? ਨਾਓਮੀ ਨੇ ਉਹਨਾਂ ਨੂੰ ਸਲਾਹ ਦਿੱਤੀ ਕੇ ਤੁਸੀ ਮੋਆਬ ਵਿੱਚ ਰਹਿ ਕੇ ਫਿਰ ਵਿਆਹ ਕਰਵਾ ਲਵੋ।



ਆਰਪਾਹ ਆਪਣੇ ਪਰਿਵਾਰ ਵਿੱਚ ਵਾਪਸ ਚਲੀ ਗਈ। ਪਰ ਰੂਥ ਨੇ ਇਨਕਾਰ ਕੀਤਾ। ਉਸਦੀ ਬਦਲੇ ਰੂਥ ਨੇ ਇੱਕ ਪਿਆਰੀ ਜਿਹੀ ਕਵੀਤਾ ਕਹੀ ਜੋ ਇੱਕ ਵਾਇਦਾ ਸੀ ਕੀ ਉਹ ਆਪਣੀ ਸੱਸ ਨੂੰ ਕਦੀ ਨਹੀ ਛੱਡੇਗੀ।





ਨਾਓਮੀ ਦੇ ਪੁਰਾਣੇ ਮਿੱਤਰ ਬਹੁਤ ਖੁਸ਼ ਸਨ ਕੀ ਉਹ ਆਪਣੇ ਘਰ ਬੈਤਲਹਮ ਨੂੰ ਆ ਗਈ ਹੈ। ਪਰ ਉਸ ਨੇ ਉਹਨਾਂ ਨੂੰ ਆਖਿਆ ਕੀ ਉਸ ਨੂੰ “ਮਾਰਾ” ਆਖੋ ਨਾਂ ਕੀ ਨਾਓਮੀ। “ਕਿਉਂ ਜੋ ਅੱਤ ਮਹਾਨ ਨੇ ਮੇਰੇ ਨਾਲ ਕੜਵਾ ਵਿਵਹਾਰ ਕੀਤਾ ਹੈ।” ਨਾਓਮੀ ਰੂਥ ਤੋਂ ਬਿਨਾਂ ਕੁਝ ਵੀ ਵਾਪਸ ਨਾ ਲਿਆਈ।

ਭਾਵੇਂ ਰੂਥ ਨੇ ਬਾਕੀ ਲੋਕਾਂ ਦੇ ਵਾਗੂੰ ਮੋਆਬ ਵਿੱਚ ਬੁੱਤਾਂ ਦੀ ਪੂਜਾ ਕੀਤੀ, ਪਰ ਉਹ ਉਸ ਤੋਂ ਮੁੜ ਕੇ ਇਸਰਾਏਲ ਦੇ ਜਿੰਦਾ ਪਰਮੇਸ਼ਵਰ ਦੀ ਉਪਾਸਨਾ ਕਰਨ ਲੱਗੀ। ਰੂਥ ਬਹੁਤ ਮਿਹਨਤ ਕਰਦੀ ਸੀ ਕੀ ਨਾਓਮੀ ਨੂੰ ਖਾਣ ਲਈ ਭਰਪੂਰ ਭੋਜਨ ਮਿਲੇ। ਖੇਤ ਵਿੱਚ ਫ਼ਸਲ ਕੱਟਣ ਵਾਲਿਆ ਦੇ ਪਿੱਛੇ ਰੂਥ ਹਰ ਰੋਜ ਜਾਂਦੀ ਸੀ ਅਤੇ ਡਿੱਗੇ ਹੋਏ ਅਨਾਜ ਨੂੰ ਚੁਗਦੀ ਸੀ।





ਬੋਆਜ਼ ਜ਼ਮੀਨ ਦੇ ਮਾਲਕ ਨੇ
ਸੁਣਿਆ ਕੀ ਰੂਥ ਆਪਣੀ ਸੱਸ
ਨਾਲ ਚੰਗਾ ਵਿਹਾਰ ਕਰਦੀ ਹੈ।
ਜਦ ਉਹ ਉਸ ਨੂੰ ਮਿਲਿਆ,
ਬੋਆਜ਼ ਨੇ ਉਸਦੀ ਮਦਦ
ਆਪਣੀ ਫ਼ਸਲ ਕੱਟਣ ਵਾਲਿਆਂ
ਨੂੰ ਇਹ ਕਹਿ ਕੇ ਕੀਤੀ ਕੀ
ਮੁੱਠੀ ਭਰ ਅਨਾਜ ਜਾਣ-ਬੁੱਜ
ਕੇ ਛੱਡਦੇ ਜਾਉ। ਬੋਆਜ਼ ਰੂਥ
ਨੂੰ ਪਸੰਦ ਕਰਨ ਲੱਗਾ।



ਜਦ ਰੂਥ ਨੇ ਨਾਓਮੀ ਨੂੰ ਬੋਆਜ਼ ਅਤੇ ਉਸਦੀ ਦਯਾ ਦੇ ਬਾਰੇ ਦੱਸਿਆ. ਬਜ਼ੁਰਗ ਔਰਤ ਨੇ ਪਰਮੇਸ਼ਵਰ ਦੀ ਸਤੂਤੀ ਕੀਤੀ। “ਉਹ ਮਨੁੱਖ ਸਾਡੇ ਰਿਸ਼ਤੇਦਾਰਾਂ ਵਿੱਚੋ ਹੈ, ਕਰੀਬੀ ਰਿਸ਼ਤੇਦਾਰਾਂ ਵਿੱਚੋਂ ਇੱਕ ਹੈ।”





ਜਿਵੇਂ ਸਮਾਂ ਬੀਤਿਆ,
ਬੋਆਜ਼ ਰੂਥ ਨਾਲ ਵਿਆਹ ਕਰਨਾ ਚਾਹੁੰਦਾ ਸੀ ਅਤੇ ਨਾਓਮੀ ਅਤੇ ਉਸਦੇ ਪਰਿਵਾਰ ਦੀ ਜਮੀਨ ਦੀ ਦੇਖਭਾਲ ਕਰਨੀ ਚਾਹੁੰਦਾ ਸੀ। ਪਰ ਇੱਕ ਹੋਰ ਕਰੀਬੀ ਰਿਸ਼ਤੇਦਾਰ ਜਿਸ ਕੋਲ ਪਹਿਲਾ ਮੌਕਾ ਸੀ। ਇਹ ਮਨੁੱਖ ਜਮੀਨ ਚਾਹੁੰਦਾ ਸੀ ਪਰ ਰੂਥ ਨੂੰ ਆਪਣੀ ਪਤਨੀ ਨਹੀ ਬਣਾਉਣਾ ਚਾਹੁੰਦਾ ਸੀ। ਕਾਨੂੰਨ ਆਖਦਾ ਹੈ ਕੀ ਤੁਸੀ ਇੱਕ ਨੂੰ ਛੱਡ ਕੇ ਦੂਸਰੇ ਨੂੰ ਪ੍ਰਾਪਤ ਨਹੀ ਕਰ ਸਕਦੇ।

ਉਹਨਾਂ ਦਿਨਾਂ ਵਿੱਚ ਲੋਕ ਸੌਦਾ ਕਰਨ ਲਈ ਹੱਥ ਨਹੀ ਮਿਲਾਉਂਦੇ ਸਨ। ਬੋਆਜ਼ ਨੇ ਜੁੱਤੀ ਉਤਾਰ ਕੇ ਅਤੇ ਸਾਰਿਆਂ ਦੇ ਸਾਹਮਣੇ ਦੂਸਰੇ ਮਨੁੱਖ ਨੂੰ ਦੇ ਦਿੱਤੀ। ਸੌਦਾ ਪੱਕਾ ਹੋ ਗਿਆ ਸੀ। ਰੂਥ ਉਸਦੀ ਪਤਨੀ ਹੋ ਜਾਵੇਗੀ। ਹੁਣ ਉਹ ਅਤੇ ਨਾਓਮੀ ਬੋਆਜ਼ ਦੇ ਪਰਿਵਾਰ ਦਾ ਹਿੱਸਾ ਬਣ ਗਏ ਸਨ।





ਬੋਆਜ਼ ਅਤੇ ਰੂਥ ਨੇ ਆਪਣੇ ਪਹਿਲੇ ਪੁੱਤਰ ਨੂੰ ਓਬੇਦ ਬੁਲਾਇਆ। ਉਹ ਇਸਰਾਏਲ ਦੇ ਮਹਾਨ ਬਾਦਸ਼ਾਹ, ਦਾਊਦ ਦਾ ਦਾਦਾ ਬਣਿਆ।

ਪਰ ਬਹੁਤ ਹੀ ਅਨੋਖੇ ਤਰੀਕੇ ਨਾਲ, ਪ੍ਰਭੂ ਯਿਸੂ ਮਸੀਹ ਬੱਚੇ ਓਬੇਦ ਦੀ ਪੀੜ੍ਹੀ ਦੁਆਰਾ ਸੀ। ਯਿਸੂ ਦਾਊਦ ਦੇ ਪਰਿਵਾਰ ਦੁਆਰਾ ਰਾਜਿਆਂ ਦਾ ਰਾਜਾ ਅਤੇ ਦੁਨੀਆ ਦਾ ਉਦਾਰ ਕਰਤਾ ਹੋਣ ਲਈ ਆਇਆ।



# ਰੂਥ: ਇੱਕ ਪ੍ਰੇਮ ਕਹਾਣੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰੂਥ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16